**ਮਾਨਯੋਗ ਸਕੱਤਰ ਭਲਾਈ ਜੀ ਦੀ ਪ੍ਰਧਾਨਗੀ ਹੇਠ ਸਮੂਹ ਜਿਲ੍ਹਾ ਭਲਾਈ ਅਫਸਰਾਂ ਨਾਲ ਮਿਤੀ 11-12-2014 ਨੂੰ ਸਵੇਰੇ 10.30 ਵਜੇ ਕਮੇਟੀ ਰੂਮ, ਚੌਥੀ ਮੰਜਿਲ, ਪੰਜਾਬ ਸਿਵਲ ਸਕੱਤਰੇਤ-2, ਪੰਜਾਬ, ਸੈਕਟਰ 9, ਚੰਡੀਗੜ੍ਹ ਵਿਖੇ ਹੋਈ ਮੀਟਿੰਗ ਦੀ ਕਾਰਵਾਈ**

ਮੀਟਿੰਗ ਵਿੱਚ ਹਾਜ਼ਰ ਹੋਏ ਅਧਿਕਾਰੀਆਂ ਦੀ ਸੂਚੀ ਅਨੁਲੱਗ ੳ ਅਨੁਸਾਰ ਹੈ।

ਮੀਟਿੰਗ ਦੇ ਸ਼ੁਰੂ ਵਿਚ ਨਿਰਦੇਸ਼ਕ ਭਲਾਈ ਜੀ ਵੱਲੋਂ ਮਾਨਯੋਗ ਸਕੱਤਰ ਭਲਾਈ ਜੀ ਦਾ ਮੀਟਿੰਗ ਵਿਚ ਆਉਣ ਤੇ ਜੀ ਆਇਆ ਆਖਿਆ ਗਿਆ ਅਤੇ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਸਬੰਧਤ ਯੋਗ ਲਾਭਪਾਤਰੀਆਂ/ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਦੀ ਰਾਸ਼ੀ ਉਨ੍ਹਾਂ ਦੇ ਬੈਂਕ ਖਾਤਿਆਂ ਵਿਚ ਆਨ ਲਾਈਨ ਬੈਕਿੰਗ ਮੈਨੇਜਮੈਂਟ ਸਿਸਟਮ ਰਾਹੀਂ ਭੇਜਣ ਨਾਲ ਜਿੱਥੇ ਇਸ ਕੰਮ ਵਿਚ ਪਾਰਦਰਸ਼ਤਾ ਆਈ ਹੈ, ਉਥੇ ਸਰਕਾਰ ਵਲੋਂ ਇਹ ਸਕੀਮਾਂ ਜਿਸ ਮੰਤਵ ਲਈ ਲਾਗੂ ਕੀਤੀਆਂ ਜਾ ਰਹੀਆਂ ਹਨ, ਉਸ ਮੰਤਵ ਦੀ ਪੂਰਤੀ ਵੀ ਹੋ ਰਹੀ ਹੈ। ਇਸ ਉਪਰੰਤ ਮਾਨਯੋਗ ਸਕੱਤਰ ਭਲਾਈ ਜੀ ਵੱਲੋਂ ਮਿਤੀ 11-11-2014 ਨੂੰ ਹੋਈ ਮੀਟਿੰਗ ਵਿਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਰੀਵਿਊ ਕਰਦੇ ਹੋਏ ਹੇਠ ਲਿਖੇ ਅਨੁਸਾਰ ਫੈਸਲੇ ਕੀਤੇ ਗਏ:-

**ITEM NO.1 Post Matric Scholarship for SC/Minorities Scheme:-**

- ਮੁੱਖ ਦਫਤਰ ਦੇ ਮੀਮੋ ਨੰਬਰ ਮੀਮੋ ਨੰਬਰ ਸ-17/46363-46422 ਮਿਤੀ 14-11-2014 ਰਾਹੀਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮਾਂ ਤਹਿਤ ਸੈਂਪਲ ਚੈਕਿੰਗ ਲਈ ਗਠਿਤ ਕੀਤੀਆਂ 22 ਟੀਮਾਂ ਵੱਲੋਂ ਕੀਤੀ ਗਈ ਚੈਕਿੰਗ ਸਬੰਧੀ ਜਿਲ੍ਹਾ ਭਲਾਈ ਅਫਸਰਾਂ ਵੱਲੋਂ ਭੇਜੀਆਂ ਗਈਆਂ ਪੜਤਾਲ ਰਿਪੋਰਟਾਂ ਸਬੰਧੀ ਜਿਲ੍ਹਾ-ਵਾਰ ਸਥਿਤੀ ਦਾ ਜਾਇਜਾ ਲੈਣ ਉਪਰੰਤ, ਸਮੂਹ ਜਿਲ੍ਹਾ ਭਲਾਈ ਅਫਸਰ, ਪੰਜਾਬ ਰਾਜ ਨੂੰ ਅਲਾਟ ਕੀਤੀਆਂ ਸੰਸਥਾਵਾਂ ਵਿੱਚੋਂ ਚੈਕਿੰਗ ਲਈ ਬਾਕੀ ਰਹਿੰਦੀਆਂ ਸੰਸਥਾਵਾਂ ਦੀ ਮੁਕੰਮਲ ਚੈਕਿੰਗ ਰਿਪੋਰਟ 10 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰਨ ਲਈ ਹਦਾਇਤ ਕੀਤੀ ਗਈ ;
- ਸੰਸਥਾਵਾਂ ਦੀ ਚੈਕਿੰਗ ਸਮੇਂ ਪਾਈਆਂ ਗਈਆਂ ਤਰੁੱਟੀਆਂ ਲਿਖਤੀ ਰੂਪ ਵਿਚ ਤੁਰੰਤ ਲਾਈਨ ਵਿਭਾਗਾਂ ਦੇ ਅਧਿਕਾਰੀਆਂ ਦੇ ਧਿਆਨ ਵਿਚ ਲਿਆਕੇ, ਅਯੋਗ ਵਿਦਿਆਰਥੀਆਂ ਦੀ ਪਾਤਰਤਾ ਕੈਂਸਲ ਕਰਵਾਏ ਜਾਣ ਲਈ ਸਮੂਹ ਜਿਲ੍ਹਾ ਭਲਾਈ ਅਫਸਰਾਂ ਨੂੰ ਹਦਾਇਤ ਕੀਤੀ ਗਈ;
- ਸਾਲ 2013-14 ਦੌਰਾਨ ਤਕਨੀਕੀ ਸਿੱਖਿਆ ਵਿਭਾਗ ਨਾਲ ਸਬੰਧਤ ਸੰਸਥਾ-ਵਾਰ ਵੰਡੀ ਗਈ ਰਾਸ਼ੀ ਦੇ ਵੇਰਵੇ ਸਮੂਹ ਜਿਲ੍ਹਾ ਭਲਾਈ ਅਫਸਰਾਂ ਨੂੰ ਈਮੇਲ ਰਾਹੀਂ ਭੇਜੇ ਜਾ ਚੁੱਕੇ ਹਨ। ਬਾਕੀ ਰਹਿੰਦੇ ਲਾਗੂਕਰਤਾ ਵਿਭਾਗਾਂ ਦੀਆਂ ਸੂਚੀਆਂ ਈ.ਮੇਲ ਰਾਹੀਂ ਸਮੂਹ ਜਿਲ੍ਹਾ ਭਲਾਈ ਅਫਸਰਾਂ ਨੂੰ ਭੇਜਣ ਲਈ ਅਤੇ website ਤੇ ਵੀ ਅਪਲੋਡ ਕਰਵਾਉਣ ਲਈ ਡਿਪਟੀ ਡਾਇਰੈਕਟਰ (ਜ) ਨੂੰ ਹਦਾਇਤ ਕੀਤੀ ਗਈ;
- ਜਿਲ੍ਹਾ ਭਲਾਈ ਅਫਸਰਾਂ ਤੋਂ ਪ੍ਰਾਪਤ ਹੋਈਆਂ ਚੈਕਿੰਗ ਰਿਪੋਰਟਾਂ ਨੂੰ ਵਾਚਣ ਉਪਰੰਤ, ਸੰਕਲਿਤ ਰਿਪੋਰਟ ਤਿਆਰ ਕਰਕੇ ਸਰਕਾਰ ਨੂੰ ਭੇਜਣ ਲਈ ਡਿਪਟੀ ਡਾਇਰੈਕਟਰ (ਜ) ਨੂੰ ਹਦਾਇਤ ਕੀਤੀ ਗਈ;
- ਜਿਲ੍ਹਾ ਭਲਾਈ ਅਫਸਰ, ਕਪੂਰਥਲਾ ਦੀ ਰਿਪੋਰਟ ਅਨੁਸਾਰ ਲਵਲੀ ਯੂਨੀਵਰਸਿਟੀ, ਕਪੂਰਥਲਾ ਵੱਲੋਂ ਦਾਖਲ ਵਿਦਿਆਰਥੀਆਂ ਦਾ ਰਿਕਾਰਡ ਨਾ ਵਿਖਾਏ ਜਾਣ ਕਾਰਨ ਡਿਪਟੀ ਡਾਇਰੈਕਟਰ (ਜ) ਨੂੰ ਯੂਨੀਵਰਸਿਟੀ ਦੀ ਚੈਕਿੰਗ ਕਰਕੇ, ਚੈਕਿੰਗ ਰਿਪੋਰਟ ਪੇਸ਼ ਕਰਨ ਲਈ ਹਦਾਇਤ ਕੀਤੀ ਗਈ;

- ਸਮੂਹ ਲਾਗੂਕਰਤਾ ਵਿਭਾਗਾਂ ਨੂੰ ਕਰਮਚਾਰੀਆਂ ਦੇ ਬੱਚਿਆਂ ਦੇ ਕੇਸਾਂ ਵਿੱਚ ਤਨਖਾਹ ਪਰਚੀਆਂ ਲਗਵਾਉਣ ਸਬੰਧੀ ਡਾਇਰੈਕਟੋਰੇਟ ਪੱਧਰ ਤੇ ਹਦਾਇਤਾਂ ਜਾਰੀ ਕੀਤੀਆਂ ਜਾਣ;
- ਲਾਈਨ ਵਿਭਾਗ ਆਪਣੇ ਅਧੀਨ ਰਹਿੰਦੀਆਂ ਸੰਸਥਾਵਾਂ ਨੂੰ ਪੋਰਟਲ ਤੇ ਰਜਿਸਟਰ ਕਰਵਾਉਣ ਲਈ ਸਮੂਹ ਪ੍ਰਿੰਸੀਪਲਾਂ ਨੂੰ ਹਦਾਇਤਾਂ ਜਾਰੀ ਕਰਨਗੇ।

**ITEM NO.2 Pending proposals of Babu Jagjiwan Ram Chhatrawas Yojna Scheme for the year 2013-14 and 2014-15:-**

- ਗੋਰਮਿੰਟ ਕਾਲਜ, ਮੋਹਾਲੀ ਨੂੰ ਅਲਾਟ ਕੀਤੀ 113.25 ਲੱਖ ਰੁਪਏ ਦੀ ਰਾਸ਼ੀ ਦਾ ਵਰਤੋਂ ਸਰਟੀਫਿਕੇਟ ਪ੍ਰਾਪਤ ਕਰਨ ਲਈ ਪ੍ਰਿੰਸੀਪਲ, ਸਰਕਾਰੀ ਕਾਲਜ, ਮੋਹਾਲੀ ਅਤੇ ਜਿਸ ਕਾਰਜਕਾਰੀ ਏਜੰਸੀ ਵੱਲੋਂ ਉਸਾਰੀ ਦਾ ਕੰਮ ਕੀਤਾ ਜਾ ਰਿਹਾ ਹੈ, ਨਾਲ ਤੁਰੰਤ ਮੀਟਿੰਗ ਕਰਕੇ, ਵਰਤੋਂ ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ ਭਾਰਤ ਸਰਕਾਰ ਨੂੰ ਭੇਜਿਆ ਜਾਵੇ;
- ਸਕੀਮ ਅਧੀਨ ਤਜਵੀਜ਼ਾਂ ਦਾ ਨਿੱਜੀ ਪੱਧਰ ਤੇ ਫੋਲੋਅੱਪ ਕਰਕੇ ਭਾਰਤ ਸਰਕਾਰ ਤੋਂ ਕਲੀਅਰ ਕਰਵਾਉਣ ਲਈ ਡਿਪਟੀ ਡਾਇਰੈਕਟਰ (ਅ) ਨੂੰ ਪਾਬੰਦ ਕੀਤਾ ਗਿਆ;
- ਅਧੂਰੀਆਂ ਪ੍ਰਾਪਤ ਤਜਵੀਜ਼ਾਂ ਸੰਸਥਾ ਦੇ ਮੁੱਖੀਆਂ ਨਾਲ ਮੁੱਖ ਦਫਤਰ ਪੱਧਰ ਤੇ ਮੀਟਿੰਗਾਂ ਕਰਕੇ ਮੁਕੰਮਲ ਕਰਵਾਈਆਂ ਜਾਣ;
- ਪੈਡਿੰਗ ਤਜਵੀਜ਼ਾਂ ਨੂੰ ਮੁਕੰਮਲ ਕਰਕੇ ਮੁੱਖ ਦਫਤਰ ਵਿਖੇ 15 ਦਿਨਾਂ ਦੇ ਅੰਦਰ ਭੇਜਣ ਲਈ ਸਮੂਹ ਜਿਲ੍ਹਾ ਭਲਾਈ ਅਫਸਰਾਂ ਨੂੰ ਹਦਾਇਤ ਕੀਤੀ ਗਈ।

**ITEM NO.3 Shagun Scheme:-**

- ਮਾਨਯੋਗ ਉਪ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਹੋਏ ਹੁਕਮਾਂ ਅਨੁਸਾਰ ਸ਼ਗਨ ਸਕੀਮ ਅਧੀਨ ਪੋਰਟਲ ਲਾਂਚ ਹੋਵੇਗਾ, ਜਿਸ ਨੂੰ ਉਲੀਕਣ ਲਈ ਡਾਇਰੈਕਟੋਰੇਟ ਪੱਧਰ ਤੇ ਲਗਾਤਾਰ ਉਪਰਾਲੇ ਕੀਤੇ ਜਾਣ;
- ਲਾਭਪਾਤਰੀਆਂ ਦਾ ਡਾਟਾ ਭੇਜਣ ਵਿਚ ਕੋਈ ਗਲਤੀ ਨਹੀਂ ਹੋਣੀ ਚਾਹੀਦੀ, ਡਾਟਾ ਗਲਤ ਹੋਣ ਕਾਰਨ ਲਾਭਪਾਤਰੀ ਦੇ ਬੈਂਕ ਖਾਤੇ ਵਿਚ ਰਾਸ਼ੀ ਨਾ ਟਰਾਂਸਫਰ ਹੋਣ ਦੀ ਸੂਰਤ ਵਿਚ ਸਬੰਧਤ ਅਧਿਕਾਰੀ ਜ਼ਿੰਮੇਵਾਰ ਹੋਣਗੇ ;
- ਲਾਭਪਾਤਰੀਆਂ ਤੋਂ ਜਾਤੀ ਸਰਟੀਫਿਕੇਟ ਪ੍ਰਾਪਤ ਕਰਨ ਦੀ ਇਜਾਜਤ ਨਹੀਂ ਹੋਵੇਗੀ;
- ਲਾਭਪਾਤਰੀਆਂ ਦਾ ਡਾਟਾ ਹਰ ਮਹੀਨੇ ਦੀ 5 ਤਾਰੀਖ ਤੱਕ ਡਾਇਰੈਕਟੋਰੇਟ ਨੂੰ ਭੇਜਦੇ ਹੋਏ, ਕਾਪੀ ਸਰਕਾਰ ਨੂੰ ਈ.ਮੇਲ ਰਾਹੀਂ ਵੀ ਭੇਜੀ ਜਾਇਆ ਕਰੇ;
- ਚੈਕਿੰਗ ਲਈ ਅਲਾਟ ਕੀਤੇ ਜਿਲ੍ਹਿਆਂ ਅਨੁਸਾਰ, ਸਬੰਧਤ ਅਧਿਕਾਰੀ ਚੈਕਿੰਗ ਕਰਨ ਉਪਰੰਤ, ਰਿਪੋਰਟ ਸਰਕਾਰ ਨੂੰ ਭੇਜਣ।

**ITEM NO.4 Scholarship schemes covered under DBT:-**

ਸਕਾਲਰਸ਼ਿਪ ਸਕੀਮਾਂ ਜੋ ਡੀ.ਬੀ.ਟੀ. ਅਧੀਨ ਕਵਰ ਹੁੰਦੀਆਂ ਹਨ, ਤਹਿਤ ਵਿਦਿਆਰਥੀਆਂ ਦੇ ਆਧਾਰ ਕਾਰਡ ਬਣਾਉਣ ਲਈ ਅਤੇ ਬੈਂਕ ਖਾਤਿਆਂ ਦੀ ਆਧਾਰ ਨੰਬਰ ਨਾਲ ਸੀਡਿੰਗ ਵੱਧ ਤੋਂ ਵੱਧ ਕਰਵਾਉਣ ਲਈ ਜਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਾਲ ਲਗਾਤਾਰ ਮੀਟਿੰਗਾਂ ਕਰਵਾਉਣ ਉਪਰੰਤ 100% ਟੀਚੇ ਪ੍ਰਾਪਤ ਕਰਕੇ, ਪ੍ਰਗਤੀ ਰਿਪੋਰਟ ਮੁੱਖ ਦਫਤਰ ਨੂੰ ਭੇਜੀ ਜਾਵੇ।

**ITEM NO.5 Setting up of District level Vigilance & Monitoring Committee:-**

- ਜਿਲ੍ਹਾ ਫਿਰੋਜ਼ਪੁਰ, ਮਾਨਸਾ, ਪਠਾਨਕੋਟ ਅਤੇ ਰੂਪਨਗਰ ਵਿਚ ਵਿਜੀਲੈਂਸ ਅਤੇ ਮੋਨੀਟਰਿੰਗ ਕਮੇਟੀਆਂ ਗਠਿਤ ਕਰਵਾਉਣ ਲਈ ਸਬੰਧਤ ਡਿਪਟੀ ਕਮਿਸ਼ਨਰਾਂ ਨੂੰ ਸਰਕਾਰ ਦੀ ਪੱਧਰ ਤੇ ਅੱਧ ਸਰਕਾਰੀ ਪੱਤਰ ਜਾਰੀ ਕਰਵਾਏ ਜਾਣ ਲਈ ਡਿਪਟੀ ਡਾਇਰੈਕਟਰ (ਅ) ਨੂੰ ਹਦਾਇਤ ਕੀਤੀ ਗਈ ;

- ਸਮੂਹ ਜਿਲ੍ਹਾ ਭਲਾਈ ਅਫਸਰ, ਪੰਜਾਬ ਰਾਜ ਨੂੰ ਪੀ.ਓ.ਏ. ਐਕਟ 1989 ਅਨੁਸਾਰ ਸਮੇਂ ਸਮੇਂ ਤੇ ਰੈਗੂਲਰ ਮੀਟਿੰਗਾਂ ਕਰਵਾਉਣ ਲਈ ਪਾਬੰਦ ਕੀਤਾ ਗਿਆ।

**ITEM NO.6 Regarding constitution of Vigilance Committee under Manual Scavenger Act, 2013:-**

- ਸਮੂਹ ਜਿਲ੍ਹਾ ਭਲਾਈ ਅਫਸਰਾਂ ਨੂੰ ਹਦਾਇਤ ਕੀਤੀ ਗਈ ਕਿ ਜਿਲ੍ਹਾ/ਸਬ ਡਵੀਜ਼ਨ ਪੱਧਰ ਤੇ ਵਿਜੀਲੈਂਸ ਕਮੇਟੀਆਂ ਦਾ ਮੁਕੰਮਲ ਗਠਨ ਆਪਣੇ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਉਪ ਮੰਡਲ ਮੈਜਿਸਟ੍ਰੇਟਾਂ ਨਾਲ ਨਿੱਜੀ ਪੱਧਰ ਤੇ ਸੰਪਰਕ ਕਰਕੇ ਤੁਰੰਤ ਕਰਵਾਇਆ ਜਾਵੇ;
- ਸਮੇਂ ਸਮੇਂ ਸਿਰ ਮੀਟਿੰਗਾਂ ਕਰਵਾਉਣ ਉਪਰੰਤ, ਮੀਟਿੰਗਾਂ ਦੀ ਕਾਰਵਾਈ ਮੁੱਖ ਦਫਤਰ ਨੂੰ ਭੇਜੀ ਜਾਇਆ ਕਰੇ।

**ITEM NO.7 Half yearly progress report in proforma prescribed by Govt.of India under P.C.R. Act, 1955 and P.O.A. Act, 1989:-**

- ਪੀ.ਸੀ.ਆਰ. ਐਕਟ, 1955 ਅਤੇ ਪੀ.ਓ.ਏ. ਐਕਟ, 1989 ਤਹਿਤ ਭਾਰਤ ਸਰਕਾਰ ਵਲੋਂ ਨਿਰਧਾਰਤ ਪ੍ਰੋਫਾਰਮੇ ਵਿੱਚ ਛਿਮਾਹੀ ਪ੍ਰਗਤੀ ਰਿਪੋਰਟ, ਹਰ ਪੱਖੋਂ ਮੁਕੰਮਲ ਰੂਪ ਵਿਚ, ਮੁੱਖ ਦਫਤਰ ਨੂੰ ਈਮੇਲ ਤੇ ਭੇਜੀ ਜਾਵੇ।

**ITEM NO.8 Report regarding free Text Books for Academic Year 2014-15:-**

- ਵਿਦਿਅਕ ਸੈਸ਼ਨ 2014-15 ਦੌਰਾਨ ਅਨੁਸੂਚਿਤ ਜਾਤੀਆਂ ਦੇ ਪਹਿਲੀ ਤੋਂ ਦਸਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਵੰਡੀਆਂ ਗਈਆਂ ਪਾਠ-ਪੁਸਤਕਾਂ ਦੀ ਚੈਕਿੰਗ ਉਪਰੰਤ, ਪਾਠ-ਪੁਸਤਕਾਂ ਲਈ ਵਰਤੇ ਗਏ ਪੇਪਰ ਅਤੇ ਪ੍ਰਿੰਟਿੰਗ ਦੀ ਕੁਆਲਿਟੀ ਸਬੰਧੀ ਸਪੈਸ਼ਲ ਰਿਪੋਰਟ ਭੇਜਣ ਲਈ ਸਮੂਹ ਜਿਲ੍ਹਾ ਭਲਾਈ ਅਫਸਰ, ਪੰਜਾਬ ਰਾਜ ਨੂੰ ਹਦਾਇਤ ਕੀਤੀ ਗਈ।

**ITEM NO.9 Recommendations to be made for the year 2014-15 under Construction of Houses for Houseless People Scheme:-**

- ਇਸ ਸਕੀਮ ਤਹਿਤ ਸਾਲ 2014-15 ਲਈ ਤਜਵੀਜ਼ ਤਿਆਰ ਕਰਕੇ, ਵਿੱਤ ਵਿਭਾਗ ਦੀ ਪ੍ਰਵਾਨਗੀ ਲਈ ਸਰਕਾਰ ਨੂੰ ਤੁਰੰਤ ਭੇਜੀ ਜਾਵੇ।

**ITEM NO.10 Regarding Unspent Amount :-**

- ਵੱਖ ਵੱਖ ਸਕੀਮਾਂ ਅਧੀਨ ਪਿਛਲੇ ਸਾਲਾਂ ਦੀ ਜੋ ਰਾਸ਼ੀ ਨਿਯਮਾਂ ਅਨੁਸਾਰ ਖਰਚ ਨਹੀਂ ਕੀਤੀ ਜਾ ਸਕਦੀ, ਉਹ ਰਾਸ਼ੀ ਸਬੰਧਤ ਜਿਲ੍ਹਾ ਭਲਾਈ ਅਫਸਰ ਖਜ਼ਾਨੇ ਜਮ੍ਹਾਂ ਕਰਵਾਉਣ ਲਈ, ਮੁੱਖ ਦਫਤਰ ਵਿਖੇ 15 ਦਿਨਾਂ ਦੇ ਅੰਦਰ-ਅੰਦਰ ਵਾਪਸ ਭੇਜਣੀ ਯਕੀਨੀ ਬਣਾਉਣ।

**ITEM NO.9 ਮਹਾਂਲੇਖਾਕਾਰ, ਪੰਜਾਬ ਦੀ ਆਡਿਟ ਪਾਰਟੀ ਵਲੋਂ ਸਾਲ 2002-03 ਤੱਕ ਬਣਾਏ ਗਏ ਆਡਿਟ ਪੈਰਿਆਂ ਵਿਚੋਂ ਪੁਰਾਣੇ ਸਟੈਡਿੰਗ ਪੈਰ੍ਹਿਆਂ ਦੇ ਉੱਤਰ (ਸਰਕਾਰ ਪੱਧਰ ਤੇ ਸੈਟਲ ਕਰਵਾਉਣ ਲਈ) ;**

- ਮਹਾਂਲੇਖਾਕਾਰ, ਪੰਜਾਬ ਦੀ ਆਡਿਟ ਪਾਰਟੀ ਵਲੋਂ ਸਾਲ 2002-03 ਤੱਕ ਬਣਾਏ ਗਏ ਆਡਿਟ ਪੈਰਿਆਂ ਵਿਚੋਂ ਪੁਰਾਣੇ ਸਟੈਡਿੰਗ ਪੈਰ੍ਹਿਆਂ ਦੇ ਉੱਤਰ ਐਨੋਟੇਟਿੱਡ ਫਾਰਮ ਵਿਚ ਤਿਆਰ ਕਰਕੇ 15 ਦਿਨਾਂ ਦੇ ਅੰਦਰ-ਅੰਦਰ ਸਬੰਧਤ ਦਸਤਾਵੇਜ਼ਾ ਸਹਿਤ ਮੁੱਖ ਦਫਤਰ ਵਿਖੇ ਪੁੱਜਦੇ ਕੀਤੇ ਜਾਣ।

ਇਸ ਉਪਰੰਤ ਨਿਰਦੇਸ਼ਕ ਭਲਾਈ ਜੀ ਵੱਲੋਂ ਮਾਨਯੋਗ ਸਕੱਤਰ ਭਲਾਈ ਜੀ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਮਿਤੀ 11-12-2014 ਦੀ ਮੀਟਿੰਗ ਲਈ ਤਿਆਰ ਕੀਤੀਆਂ ਅਜੰਡਾ ਆਈਟਮਾਂ ਉਕਤ ਅਨੁਸਾਰ ਮੀਟਿੰਗ ਵਿਚ ਵਿਚਾਰੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਨੂੰ ਦੁਬਾਰਾ ਵਿਚਾਰਨ ਦੀ ਜ਼ਰੂਰਤ ਨਹੀਂ ਹੈ।

**ਅਨੁਲੱਗ ੳ**

ਮਾਨਯੋਗ ਸਕੱਤਰ ਭਲਾਈ ਵਿਭਾਗ ਜੀ ਦੀ ਪ੍ਰਧਾਨਗੀ ਹੇਠ ਸਮੂਹ ਜਿਲ੍ਹਾ ਭਲਾਈ ਅਫਸਰਾਂ ਨਾਲ ਮਿਤੀ **11-12-2014** ਨੂੰ ਸਵੇਰੇ 10.30 ਵਜੇ ਕਮੇਟੀ ਰੂਮ, ਚੌਥੀ ਮੰਜਿਲ, ਮਿੰਨੀ ਸਕੱਤਰੇਤ, ਪੰਜਾਬ, ਸੈਕਟਰ 9, ਚੰਡੀਗੜ੍ਹ ਵਿਖੇ ਹੋਈ ਮੀਟਿੰਗ ਵਿੱਚ ਭਾਗ ਲੈਣ ਵਾਲੇ ਅਧਿਕਾਰੀਆਂ/ ਕਰਮਚਾਰੀਆਂ ਦੀ ਸੂਚੀ

| ਲੜੀ ਨੰ: | ਅਧਿਕਾਰੀ ਦਾ ਨਾਂ ਅਤੇ ਅਹੁਦਾ |
|---|---|
| | ਸਰਵ ਸ੍ਰੀ/ਸ੍ਰੀਮਤੀ |
| 1. | ਐਚ.ਐਸ.ਨਾਗਪਾਲ, ਪੀ.ਸੀ.ਐਸ., ਸਪੈਸ਼ਲ ਸਕੱਤਰ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ |
| 2. | ਚਮਨ ਲਾਲ ਵਾਸਨ, ਡਾਇਰੈਕਟਰ ਐਸ.ਸੀ.ਐਸ.ਪੀ-ਕਮ-ਸੰਯੁਕਤ ਸਕੱਤਰ, ਪੰਜਾਬ, ਚੰਡੀਗੜ੍ਹ |
| 3. | ਬਿੰਦੂ ਵਾਲੀਆ, ਵਧੀਕ ਡਾਇਰੈਕਟਰ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ |
| 4. | ਅੰਜਨਾ ਸੰਧੂ, ਡਿਪਟੀ ਡਾਇਰੈਕਟਰ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ |
| 5. | ਗੁਰਨਾਮ ਸਿੰਘ, ਡਿਪਟੀ ਕੰਟਰੋਲਰ (ਵਿ:ਤੇ ਲੇ:), ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ |
| 6. | ਜੰਗ ਸਿੰਘ ਕੁੰਡਲਸ, ਪ੍ਰੋਗਰਾਮ ਕੋਆਰਡੀਨੇਟਰ, ਮਨਿਓਰਟੀ ਸ਼ਾਖਾ, ਭਲਾਈ ਵਿਭਾਗ, ਪੰਜਾਬ |
| 7. | ਪਰਮਿੰਦਰ ਸਿੰਘ ਗਿੱਲ, ਜਿਲ੍ਹਾ ਭਲਾਈ ਅਫਸਰ, ਪਟਿਆਲਾ ਵਾਧੂ ਚਾਰਜ ਡਿਪਟੀ ਡਾਇਰੈਕਟਰ, ਭਲਾਈ ਵਿਭਾਗ, ਪੰਜਾਬ |
| 8. | ਜਸਵਿੰਦਰ ਸਿੰਘ ਗਿੱਲ, ਜਿਲ੍ਹਾ ਭਲਾਈ ਅਫਸਰ, ਐਸ.ਏ.ਐਸ.ਨਗਰ ਵਾਧੂ ਚਾਰਜ ਡਿਪਟੀ ਡਾਇਰੈਕਟਰ, ਭਲਾਈ ਵਿਭਾਗ, ਪੰਜਾਬ |
| 9. | ਸਰਦੂਲ ਸਿੰਘ, ਜਿਲ੍ਹਾ ਭਲਾਈ ਅਫਸਰ, ਬਠਿੰਡਾ |
| 10. | ਕੁਲਵੰਤ ਸਿੰਘ, ਤਹਿਸੀਲ ਭਲਾਈ ਅਫਸਰ, ਬਰਨਾਲਾ ਵਾਧੂ ਚਾਰਜ ਜਿਲਾ ਭਲਾਈ ਅਫਸਰ, ਬਰਨਾਲਾ |
| 11. | ਬਰਿੰਦਰ ਸਿੰਘ, ਤਹਿਸੀਲ ਭਲਾਈ ਅਫਸਰ, ਫਾਜਿਲਕਾ ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਫਾਜਿਲਕਾ |
| 12. | ਇੰਦਰ ਸਿੰਘ, ਤਹਿਸੀਲ ਭਲਾਈ ਅਫਸਰ, ਫਰੀਦਕੋਟ, ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਫਰੀਦਕੋਟ |
| 13. | ਜਸਵੀਰ ਸਿੰਘ, ਜਿਲ੍ਹਾ ਭਲਾਈ ਅਫਸਰ, ਫਤਿਹਗੜ੍ਹ ਸਾਹਿਬ ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਰੂਪਨਗਰ |
| 14. | ਰਾਜਿੰਦਰ ਸਿੰਘ, ਜਿਲਾ ਭਲਾਈ ਅਫਸਰ, ਜਲੰਧਰ ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਹੁਸ਼ਿਆਰਪੁਰ |
| 15. | ਲਖਵਿੰਦਰ ਸਿੰਘ, ਜਿਲ੍ਹਾ ਭਲਾਈ ਅਫਸਰ, ਕਪੂਰਥਲਾ |
| 16. | ਰਾਜਿੰਦਰ ਕੁਮਾਰ, ਤਹਿਸੀਲ ਭਲਾਈ ਅਫਸਰ, ਲੁਧਿਆਣਾ, ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਲੁਧਿਆਣਾ |
| 17. | ਗੁਰਮੀਤ ਸਿੰਘ, ਤਹਿਸੀਲ ਭਲਾਈ ਅਫਸਰ, ਮੋਗਾ ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਮੋਗਾ |
| 18. | ਗੁਰਮੀਤ ਸਿੰਘ, ਤਹਿਸੀਲ ਭਲਾਈ ਅਫਸਰ, ਸ੍ਰੀ ਮੁਕਤਸਰ ਸਾਹਿਬ ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਸ੍ਰੀ ਮੁਕਤਸਰ ਸਾਹਿਬ |
| 19. | ਕੁਲਦੀਪ ਸਿੰਘ, ਤਹਿਸੀਲ ਭਲਾਈ ਅਫਸਰ, ਮਾਨਸਾ ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਮਾਨਸਾ |
| 20. | ਅਮਰੀਕ ਸਿੰਘ, ਤਹਿਸੀਲ ਭਲਾਈ ਅਫਸਰ, ਸ਼ਹੀਦ ਭਗਤ ਸਿੰਘ ਨਗਰ, ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਸ਼ਹੀਦ ਭਗਤ ਸਿੰਘ ਨਗਰ |
| 21. | ਗੁਰਿੰਦਰਜੀਤ ਸਿੰਘ, ਤਹਿਸੀਲ ਭਲਾਈ ਅਫਸਰ, ਸੰਗਰੂਰ ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਸੰਗਰੂਰ |
| 22. | ਬਲਵਿੰਦਰ ਸਿੰਘ, ਤਹਿਸੀਲ ਭਲਾਈ ਅਫਸਰ, ਤਰਨਤਾਰਨ |
| 23. | ਤਰਸੇਮ ਮਸੀਹ, ਤਹਿਸੀਲ ਭਲਾਈ ਅਫਸਰ, ਹੁਸ਼ਿਆਰਪੁਰ |
| 24. | ਰਵਿੰਦਰਪਾਲ ਸਿੰਘ ਸੰਧੂ, ਤਹਿਸੀਲ ਭਲਾਈ ਅਫਸਰ, ਖਰੜ |
| 25. | ਪਵਿੱਤਰ ਸਿੰਘ, ਸੀਨੀਅਰ ਸਹਾਇਕ ਦਫੱਤਰ ਜਿਲ੍ਹਾ ਭਲਾਈ ਅਫਸਰ, ਅੰਮ੍ਰਿਤਸਰ |
| 25. | ਦਰਸ਼ਨ ਕੁਮਾਰ, ਸੀਨੀਅਰ ਸਹਾਇਕ, ਮੁੱਖ ਦਫਤਰ, ਚੰਡੀਗੜ੍ਹ |